BRAMPTON

**Media Release**

ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ ਦਾ ਬੈਕਯਾਰਡ ਗਾਰਡਨ ਪ੍ਰੋਗਰਾਮ 6 ਫਰਵਰੀ ਨੂੰ ਸ਼ੁਰੂ ਹੋ ਰਿਹਾ ਹੈ

ਬ੍ਰੈਂਪਟਨ, ਓਨਟੈਰੀਓ (27 ਜਨਵਰੀ, 2023) – ਆਪਣੇ ਚੌਥੇ ਸਾਲ ਲਈ ਫਿਰ ਸ਼ੁਰੂ ਹੋ ਰਿਹਾ, ਸਿਟੀ ਆਫ ਬ੍ਰੈਂਪਟਨ ਦਾ ਬੈਕਯਾਰਡ ਗਾਰਡਨ (Backyard Garden) ਪ੍ਰੋਗਰਾਮ ਕਾਫੀ ਮੰਗ ਦੇ ਕਾਰਨ ਵਾਪਸ ਆ ਰਿਹਾ ਹੈ ਅਤੇ 6 ਫਰਵਰੀ ਨੂੰ ਰਜਿਸਟਰੇਸ਼ਨ ਲਈ ਖੁੱਲ ਰਿਹਾ ਹੈ।

ਇਹ ਪ੍ਰੋਗਰਾਮ ਨਿਵਾਸੀਆਂ ਨੂੰ ਆਪਣੇ ਖੁਦ ਦੇ ਘਰਾਂ ਵਿੱਚ ਅਰਾਮ ਨਾਲ ਸਬਜ਼ੀਆਂ ਅਤੇ ਜੜੀ-ਬੂਟੀਆਂ (ਹਰਬਸ) ਆਦਿ ਉਗਾਉਣ ਅਤੇ ਆਪਣੀਆਂ ਘਰ ਵਿੱਚ ਉੱਗੀਆਂ ਸਬਜ਼ੀਆਂ ਨੂੰ ਲੋਕਲ ਫੂਡ ਬੈਂਕਾਂ ਅਤੇ ਕਮਿਉਨਿਟੀ ਸੰਗਠਨਾਂ ਨੂੰ ਦਾਨ ਦੇਣ ਲਈ ਉਤਸ਼ਾਹਿਤ ਕਰਦਾ ਹੈ। ਹਰੇਕ ਭਾਗੀਦਾਰ ਨੂੰ ਮਿੱਟੀ ਦੇ ਪੰਜ ਥੈਲੇ ਅਤੇ ਗਾਰਡਨ ਸਬੰਧੀ ਸੈਂਪਲਰ ਬੀਜ ਕਿੱਟ ਮਿਲੇਗੀ (ਜਿਸ ਵਿੱਚ ਤਿੰਨ ਵੱਖਰੇ ਪ੍ਰਕਾਰ ਦੇ ਬੀਜ ਹੋਣਗੇ)।

ਇਸ ਪ੍ਰੋਗਰਾਮ ਦੀ ਬਹੁਤ ਜ਼ਿਆਦਾ ਪ੍ਰਸਿੱਧੀ ਅਤੇ ਸਫਲਤਾ ਦੇ ਕਾਰਨ, ਇਹ ਸਿਰਫ ਨਵੇਂ ਭਾਗੀਦਾਰਾਂ ਲਈ ਖੁੱਲਾ ਹੈ।

**2022 ਪ੍ਰੋਗਰਾਮ ਦੇ ਅੰਕੜੇ**

- 2,921 ਭਾਗੀਦਾਰ
- 14,635 ਥੈਲੇ ਮਿੱਟੀ ਅਤੇ 5,836 ਪੈਕੇਟ ਬੀਜ ਦਾਨ ਕੀਤੇ ਗਏ ਸਨ

ਬਾਗਬਾਨੀ ਸਬੰਧੀ ਟਿਊਟੋਰੀਅਲ ਅਤੇ ਸੁਝਾਵਾਂ ਦੇ ਨਾਲ-ਨਾਲ, ਪ੍ਰੋਗਰਾਮ ਬਾਰੇ ਵਧੇਰੇ ਜਾਣਕਾਰੀ ਲਈ, www.brampton.ca/backyardgarden ਤੇ ਜਾਓ।

**ਸਾਡੇ ਬੈਕਯਾਰਡ ਗਾਰਡਨ ਕਲੱਬ ਬਾਰੇ ਵਧੇਰੇ ਜਾਣਕਾਰੀ ਲਵੋ ਅਤੇ ਇਸ ਨਾਲ ਜੁੜੋ**

ਜੇਕਰ ਤੁਸੀਂ ਪਹਿਲਾਂ ਹੀ ਬੈਕਯਾਰਡ ਗਾਰਡਨ ਪ੍ਰੋਗਰਾਮ ਵਿੱਚ ਹਿੱਸਾ ਲੈ ਚੁੱਕੇ ਹੋ ਪਰੰਤੂ ਹੁਣ ਵੀ ਇਸ ਨਾਲ ਜੁੜੇ ਰਹਿਣਾ ਚਾਹੁੰਦੇ ਹੋ – ਤਾਂ ਸਿਟੀ ਦੇ ਮਾਸਿਕ ਬੈਕਯਾਰਡ ਗਾਰਡਨ ਕਲੱਬ (Backyard Garden Club) ਨਾਲ ਜੁੜੋ! ਬਾਗਬਾਨੀ ਦੇ ਸਾਰੇ ਸ਼ੌਕੀਨਾਂ ਲਈ ਖੁੱਲਾ, ਕਲੱਬ ਬਾਗਬਾਨੀ ਸਬੰਧੀ ਜਾਣਕਾਰੀ ਵਾਲਾ ਮਾਸਿਕ ਈ-ਨਿਊਜਲੈਟਰ, ਨਿਵਾਸੀਆਂ ਲਈ ਬਾਗਬਾਨੀ ਸਬੰਧੀ ਸਵਾਲ ਭੇਜਣ ਦੇ ਮੌਕੇ, ਬ੍ਰੈਂਪਟਨ ਹੋਰਟੀਕਲਚਰਲ ਸੋਸਾਇਟੀ (Brampton Horticultural Society) ਅਤੇ ਚਿੰਗਕੂਜ਼ੀ ਗਾਰਡਨ ਕਲੱਬ (Chinguacousy Garden Club) ਵਰਗੇ ਮਾਹਰਾਂ ਅਤੇ ਕਮਿਉਨਿਟੀ ਭਾਈਵਾਲਾਂ ਤੋਂ ਬਾਗਬਾਨੀ ਸਬੰਧੀ ਸਲਾਹ ਅਤੇ ਸਹਾਇਤਾ, ਖਾਸ ਆਫਰ ਆਦਿ ਪ੍ਰਦਾਨ ਕਰਦਾ ਹੈ! ਰਜਿਸਟਰ ਕਰਨ ਲਈ, www.brampton.ca/backyardgarden ਤੇ ਜਾਓ।

ਸਿਟੀ, 2023 ਦੇ ਪ੍ਰੋਗਰਾਮ ਦੇ ਉਦਾਰ ਪ੍ਰਾਯੋਜਕਾਂ (ਸਪਾਂਸਰਸ), ਸਕੌਟਸ ਕੈਨੇਡਾ ਲਿਮਿਟੇਡ (Scotts Canada Ltd), ਮੈਟਮੀ ਹੋਮਸ (Mattamy Homes), ਫੀਲਡਗੇਟ ਡਿਵੈਲਪਮੈਂਟਸ (Fieldgate Developments) ਅਤੇ ਪੈਰਾਡਾਈਜ ਡਿਵੈਲਪਮੈਂਟਸ (Paradise Developments) ਦਾ ਧੰਨਵਾਦ ਕਰਦੀ ਹੈ।

**ਹਵਾਲੇ**

"ਅਸੀਂ ਬੈਕਯਾਰਡ ਗਾਰਡਨ ਪ੍ਰੋਗਰਾਮ ਦਾ ਫਿਰ ਸੁਆਗਤ ਕਰਨ ਲਈ ਬੇਹੱਦ ਖੁਸ਼ ਹਾਂ ਅਤੇ ਇਹ ਪਿਛਲੇ ਸਾਲ ਦਾਨ ਕੀਤੀਆਂ ਗਈਆਂ 7,000 ਪੌਂਡ ਸਬਜ਼ੀਆਂ ਦੀ ਸਫਲਤਾ ਤੇ ਅਧਾਰਤ ਹੈ। ਇਹ ਪ੍ਰੋਗਰਾਮ ਲੋੜਵੰਦ ਲੋਕਲ ਲੋਕਾਂ ਦੀ ਸਹਾਇਤਾ ਲਈ ਜਾਰੀ ਹੈ ਅਤੇ ਸਮੂਹਿਕ ਬਦਲਾਅ ਦਰਸਾਉਂਦਾ ਹੈ, ਜੋ ਅਸੀਂ ਕਮਿਉਨਿਟੀ ਵਜੋਂ ਇਕੱਠੇ ਕੰਮ ਕਰਕੇ ਲਿਆ ਸਕਦੇ ਹਾਂ। ਮੈਂ 2023 ਦੀ ਸਾਰੀ ਪੈਦਾਵਾਰ ਨੂੰ ਦੇਖਣ ਲਈ ਉਤਸ਼ਾਹਿਤ ਹਾਂ!"

*- ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਪਿਛਲੇ ਸਾਲ 2,921 ਭਾਗੀਦਾਰਾਂ ਦੇ ਨਾਲ, ਇਸ ਈਕੋਫ੍ਰੈਂਡਲੀ ਪਹਿਲਕਦਮੀ ਵਿੱਚ ਸਾਡੇ ਨਿਵਾਸੀਆਂ ਦੀ ਭਾਗੀਦਾਰੀ ਨੂੰ ਦੇਖਣਾ ਪ੍ਰੇਰਣਾਦਾਇਕ ਸੀ, ਜੋ ਸਾਡੀ ਕਮਿਉਨਿਟੀ ਵਿੱਚ ਬਹੁਤ ਸਾਰੇ ਲੋਕਾਂ ਨੂੰ ਫਾਇਦਾ ਪਹੁੰਚਾਉਂਦੀ ਹੈ। ਸਿਟੀ, ਸਾਡੇ ਪ੍ਰਾਯੋਜਕਾਂ ਦੀ ਵੀ ਧੰਨਵਾਦੀ ਹੈ, ਜੋ ਉਸ ਭੂਮਿਕਾ ਨੂੰ ਸਮਝਦੇ ਹਨ, ਜੋ ਕਾਰੋਬਾਰੀ ਸਾਡੀ ਲੋਕਲ ਕਮਿਉਨਿਟੀ ਦੀ ਸਹਾਇਤਾ ਕਰਨ ਵਿੱਚ ਨਿਭਾਉਂਦੇ ਹਨ ਅਤੇ ਸਿਟੀ ਉਸ ਹਰੇਕ ਵਿਅਕਤੀ ਦਾ ਧੰਨਵਾਦ ਕਰਦੀ ਹੈ, ਜਿਸਨੇ ਸਾਡੇ ਨਿਵਾਸੀਆਂ ਲਈ ਫੂਡ ਸਿਕਿਓਰਿਟੀ ਦੀ ਸਹਾਇਤਾ ਵਿੱਚ ਇਸ ਪਹਿਲਕਦਮੀ ਵਿੱਚ ਯੋਗਦਾਨ ਦਿੱਤਾ।"

*- ਰੋਏਨਾ ਸੈਨਟੋਸ (Rowena Santos), ਰੀਜਨਲ ਕਾਉਂਸਲਰ, ਵਾਰਡਸ 1 ਅਤੇ 5; ਚੇਅਰ, ਕਮਿਉਨਿਟੀ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**

ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ

multiculturalmedia@brampton.ca